# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ:ਮੁੱਖ ਲੇਖਾ ਅਫਸਰ, ਪੈਨਸ਼ਨ ਆਡਿਟ ਸੈਕਸ਼ਨ ਪਟਿਆਲਾ)

ਵੱਲ,

ਸਾਰੇ ਪ੍ਰਮੁੱਖ/ਮੁੱਖ ਇੰਜੀ:/ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਮੁੱਖ ਇੰਜੀ/ਨਿਗ:ਇੰਜੀ:/ ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਸਕੱਤਰ/ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:
ਸਾਰੇ ਉਪ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,,
ਸਾਰੇ ਡੀ.ਡੀ.ਓਜ਼, ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,

ਪੱਤਰ ਨੰ: 2301/3000 ਮਿਤੀ 3.7.2012

ਵਿਸ਼ਾ: **ਤਨਖਾਹ ਅਤੇ ਪੈਨਸ਼ਨ ਦਾ ਕੇਂਦਰੀਕਰਣ ਕਰਨ ਸਬੰਧੀ।**

ਮੈਨੂੰ ਆਪ ਜੀ ਦਾ ਧਿਆਨ ਕਾਰਪੋਰੇਸ਼ਨ ਦੇ ਉਸ ਫੈਸਲੇ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਇਹ ਫੈਸਲਾ ਕੀਤਾ ਗਿਆ ਹੈ ਕਿ ਪੰ.ਰਾ:ਪਾ:ਕਾ;ਲਿਮ: ਦੇ ਸਾਰੇ ਕਰਮਚਾਰੀਆਂ/ਅਧਿਕਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਮੁੱਖ ਦਫਤਰ ਤੋਂ ਹੀ ਉਨ੍ਹਾਂ ਦੇ ਖਾਤੇ ਵਿਚ ਕਰੈਡਿਟ ਕੀਤੀਆਂ ਜਾਣਗੀਆਂ ਭਾਵੇਂ ਉਹ ਕਿਸੇ ਵੀ ਡੀ.ਡੀ.ਓਜ਼ ਤੋਂ ਤਨਖਾਹ/ਪੈਨਸ਼ਨ ਪ੍ਰਾਪਤ ਕਰ ਰਹੇ ਹੋਣ। ਇਹ ਅਦਾਇਗੀ ਕੇਂਦਰੀਕਰਣ ਦਫਤਰ ਵੱਲੋਂ ਸਿੱਧੇ ਤੌਰ ਤੇ ਅਧਿਕਾਰੀ/ਕਰਮਚਾਰੀ/ਪੈਨਸ਼ਨਰ ਨੂੰ ਬੈਂਕ ਰਾਹੀਂ ਕੀਤੀ ਜਾਵੇਗੀ। ਇਸ ਸਬੰਧ ਵਿਚ ਕਾਰਪੋਰੇਸ਼ਨ ਨੇ ਹੇਠ ਲਿਖੇ ਬੈਂਕਾਂ ਵਿਚ ਤਨਖਾਹ/ਪੈਨਸ਼ਨ ਅਦਾ ਕਰਨ ਦਾ ਫੈਸਲਾ ਲਿਆ ਹੈ:-

1. ਸਟੇਟ ਬੈਂਕ ਆਫ ਪਟਿਆਲਾ
2. ਸਟੇਟ ਬੈਂਕ ਆਫ ਇੰਡੀਆ
3. ਪੰਜਾਬ ਨੈਸ਼ਨਲ ਬੈਂਕ
4. ਓਰੀਐਂਟਲ ਬੈਂਕ ਆਫ ਕਾਮਰਸ
5. ਐਚ.ਡੀ.ਐਫ.ਸੀ. ਬੈਂਕ
6. ਐਕਸਿਸ ਬੈਂਕ

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਅਧਿਕਾਰੀ /ਕਰਮਚਾਰੀ ਅਤੇ ਪੈਨਸ਼ਨਰਾਂ ਨੂੰ ਉਪਰੋਕਤ ਦਰਸਾਏ 6 ਨੰ: ਬੈਂਕਾਂ ਦੀਆਂ ਬਰਾਚਾਂ ਵਿਚ ਆਪਣਾ ਖਾਤਾ ਖੋਲਣ ਦੀ ਹਦਾਇਤ ਕੀਤੀ ਜਾਵੇ (ਜੇਕਰ ਉਨ੍ਹਾਂ ਦਾ ਪਹਿਲਾਂ ਉਕਤ ਦਰਸਾਏ ਬੈਂਕਾਂ ਵਿਚ ਤਨਖਾਹ/ਪੈਨਸ਼ਨ ਦਾ ਖਾਤਾ ਨਹੀਂ ਹੈ) ਤਾਂ ਜੋ ਤਨਖਾਹ ਅਤੇ ਪੈਨਸ਼ਨ ਦੇ ਕੇਂਦਰੀਕਰਣ ਦੀ ਸਕੀਮ ਨੂੰ ਲਾਗੂ ਕੀਤਾ ਜਾ ਸਕੇ। ਇਥੇ ਇਹ ਵੀ ਵਰਨਣਯੋਗ ਹੈ ਕਿ ਤਨਖਾਹ ਅਤੇ ਪੈਨਸ਼ਨ ਦੇ ਕੇਂਦਰੀਕਰਣ ਤੋਂ ਬਾਅਦ ਕਾਰਪੋਰੇਸ਼ਨ ਵੱਲੋਂ ਉਪਰੋਕਤ ਦਰਸਾਏ ਬੈਂਕਾਂ ਦੀਆਂ ਬਰਾਚਾਂ ਤੋਂ ਇਲਾਵਾ ਕਿਸੇ ਹੋਰ ਬੈਂਕ ਦੀ ਬਰਾਂਚ ਰਾਹੀਂ ਤਨਖਾਹ/ਪੈਨਸ਼ਨ ਅਦਾ ਨਹੀਂ ਕੀਤੀ ਜਾਵੇਗੀ।

ਪਾਵਰਕਾਮ ਦੇ ਪੈਨਸ਼ਨਰ ਜਿਹੜੇ ਟਰਾਂਸਕੋ ਦੇ ਅਧੀਨ ਡੀ.ਡੀ.ਓਜ਼ ਤੋਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ ਉਹਨਾਂ ਦੇ ਖਾਤੇ ਵੀ ਉਕਤ ਦਰਸਾਏ ਬੈਂਕਾਂ ਵਿਚ ਖੁਲਵਾਏ ਜਾਣ ਤਾਂ ਜੋ ਉਨ੍ਹਾਂ ਦੀ ਪੈਨਸ਼ਨ ਵੀ ਕੇਂਦਰੀਕਰਣ ਸਕੀਮ ਅਧੀਨ ਅਦਾ ਕੀਤੀ ਜਾ ਸਕੇ।

ਉਕਤ ਹਦਾਇਤਾਂ ਦੀ ਪਾਲਣਾ ਬਿਨਾਂ ਕਿਸੇ ਦੇਰੀ ਤੋਂ ਯਕੀਨੀ ਬਣਾਈ ਜਾਵੇ।
ਇਹ ਮੁੱਖ ਲੇਖਾ ਅਫਸਰ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਲੇਖਾ ਅਫਸਰ/ਪੀ.ਅਤੇ ਐਫ,
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਕਾ:ਕਾ:- ਨਿਗ:ਇੰਜੀ:/ਆਈ.ਟੀ. ਨੂੰ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪਲੋਡ ਕਰਨ ਲਈ ਭੇਜਿਆ ਜਾਂਦਾ ਹੈ।